**Two-days workshop on "Personality Development and Interview Skills"**

Two-days workshop on "Personality Development and Interview Skills" was organised on March 16-17, 2023 by Training and Placement cell, Sri Guru Teg Bahadur Khalsa College, Sri Anandpur Sahib. The speaker for the workshop, Mrs. Benu Rao is an educationalist and a motivational speaker. She is also the director of "Mrs. Rao's Academy", Panchkula. She interacted with students to enhance their personality traits and behaviour, develop self-confidence, and motivated them for the all-round development. She also guided students on Resume writing, Group Discussions and ways to handle various interview questions. The resource person, Mrs. Rao interacted and engaged the students for the active participation and conducted mock interviews for better understanding of students. More than 200 students actively participated in the workshop with great zeal. The workshop helped the students to develop the necessary skills and the knowledge required to ace the interview. The workshop was organised under the able guidance of Prof. Prabhjit Singh, Dean, Training and Placement Cell. Dr. Parampreet Singh (Commerce), Dr. Tejinder Kaur(Commerce), Dr. Shweta Kaushal(Economics), and Prof. Tarandeep Kaur(Computer Science) were the coordinators for the workshop.






GPS Map Camera
Anandpur Sahib, Punjab, India
6GH7+M5P, Power Colony, Anandpur Sahib, Punjab 140117, India
Lat 31.229045°
Long 76.512902°
16/03/23 10:53 AM GMT +05:30
Google


GPS Map Camera
Anandpur Sahib,PB,India
Anandpur Sahib Ropar Highway, Power Colony,
Anandpur Sahib, 140118, PB, India
Lat 31.229016, Long 76.512899
03/16/2023 12:50 PM GMT+05:30



# ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ 'ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ' ਨੇ ਆਯੋਜਿਤ ਕੀਤੀ ਦੋ-ਰੋਜ਼ਾ "ਪਰਸਨੈਲਿਟੀ ਡੈਵਲੇਪਮੈਂਟ ਐਂਡ ਇੰਟਰਵਿਊ ਸਕਿੱਲਜ਼" ਵਰਕਸ਼ਾਪ

## *ਮੋਟੀਵੇਸ਼ਨਲ ਸਪੀਕਰ ਮੈਡਮ ਬੇਨੂ ਰਾਓ ਨੇ ਕੀਤੀ ਮੁੱਖ ਬੁਲਾਰੇ ਵੱਜੋਂ ਸ਼ਿਰਕਤ

ਸ੍ਰੀ ਅਨੰਦਪੁਰ ਸਾਹਿਬ 17 ਮਾਰਚ (ਜੋਗਿੰਦਰ ਰਾਣਾ ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਖੁਦਮੁਖਤਿਆਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਨੇ ਕਾਲਜ ਦੇ ਵਿਦਿਆਰਥੀਆਂ ਦੇ ਸਰਵੱਖੀ ਵਿਕਾਸ ਕਰਨ ਦੇ ਮੰਤਵ ਸਦਕਾ ਦੋ ਰੋਜ਼ਾ 'ਪਰਸਨੈਲਿਟੀ ਡੈਵਲੇਪਮੈਂਟ ਐਂਡ ਇੰਟਰਵਿਊ ਸਕਿੱਲਜ਼' ਵਰਕਸ਼ਾਪ ਆਯੋਜਿਤ ਕੀਤੀ ਜਿਸ ਵਿੱਚ ਮੋਟੀਵੇਸ਼ਨਲ ਸਪੀਕਰ ਮੈਡਮ ਬੇਨੂ ਰਾਓ (ਡਾਇਰੈਕਟਰ ਰਾਓ'ਜ਼ ਅਕੈਡਮੀ, ਪੰਚਕੁਲਾ) ਨੇ ਮੁੱਖ ਬੁਲਾਰੇ ਵੱਜੋਂ ਸ਼ਿਰਕਤ ਕੀਤੀ।ਇਹ ਵਰਕਸ਼ਾਪ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਡੀਨ ਪ੍ਰੋ.ਪ੍ਰਭਜੀਤ ਸਿੰਘ ਦੀ ਯੋਗ ਅਗਵਾਈ ਅਧੀਨ ਕਰਵਾਈ ਗਈ ਜਿਸ ਵਿੱਚ ਕਾਲਜ ਦੀਆਂ ਫ਼ਾਈਨਲ ਕਲਾਸਾਂ ਦੇ ਤਕਰੀਬਨ 200 ਵਿਦਿਆਰਥੀਆਂ ਨੇ ਬੜ੍ਹੇ ਹੀ ਉਤਸ਼ਾਹ ਨਾਲ਼ ਭਾਗ ਲਿਆ।ਇਸ ਵਰਕਸ਼ਾਪ ਦੇ ਉਦਘਾਟਨੀ ਸਮਾਰੋਹ ਦੌਰਾਨ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਮੁੱਖ ਬੁਲਾਰੇ ਮੈਡਮ ਬੇਨੂ ਰਾਓ ਨੂੰ 'ਜੀ ਆਇਆ' ਆਖਿਆ ਤੇ ਕਾਲਜ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਇਸ ਸ਼ਲਾਘਾਯੋਗ ਉਪਰਾਲੇ ਦੀ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਜਿੱਥੇ ਇੱਕ ਪਾਸੇ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਵਿੱਚ ਮਦਦ ਕਰਦੇ ਹਨ ਉੱਥੇ ਹੀ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ



ਨੂੰ ਉਨ੍ਹਾਂ ਦੀਆਂ ਖੂਬੀਆਂ ਤੇ ਕਮੀਆਂ ਉੱਤੇ ਚਾਨਣਾ ਪਾਉਣ ਅਤੇ ਉਨ੍ਹਾਂ ਨੂੰ ਸਾਕਾਰਤਮਕ ਬਣਾ ਕੇ ਮੁਸ਼ਕਿਲਾਂ ਦਾ ਹੱਲ ਕੱਢਣ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ।ਇਸ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਮੁੱਖ ਬੁਲਾਰੇ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਿੱਖਿਆਵਾਂ ਨੂੰ ਧਿਆਨ ਨਾਲ਼ ਸੁਣ ਕੇ ਉਹਨਾਂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰਨ ਸੰਬੰਧੀ ਪ੍ਰੇਰਿਤ ਕੀਤਾ।ਇਸ ਮੌਕੇ ਮੈਡਮ ਬੇਨੂ ਰਾਓ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਰਵੱਪੱਖੀ ਵਿਕਾਸ ਲਈ ਸਖਸ਼ੀਅਤ ਦੇ ਵਿਕਾਸ ਦੇ ਢੰਗਾਂ, ਸੰਚਾਰ ਕਰਨ ਦੇ ਹੁਨਰ, ਵਿਵਹਾਰ ਦੇ ਗੁਣਾਂ ਅਤੇ ਆਤਮ-ਵਿਸ਼ਵਾਸ ਵਧਾਉਣ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ।ਉਨ੍ਹਾਂ ਵਿਦਿਆਰਥੀਆਂ ਨੂੰ ਇੰਰਵਿਊ ਦੌਰਾਨ ਖੁਦ ਨੂੰ ਪੇਸ਼ ਕਰਨ, ਸਵਾਲਾਂ ਦੇ ਜਵਾਬ ਦੇਣ ਬਾਰੇ ਮਾਰਗਦਰਸ਼ਨ ਕੀਤਾ ਅਤੇ ਨਾਲ਼ ਹੀ ਵਿਦਿਆਰਥੀਆਂ ਦਾ ਆਤਮ-ਵਿਸ਼ਵਾਸ ਵਧਾਉਣ ਲਈ ਉਹਨਾਂ ਨਾਲ਼ ਸਵਾਲ ਜਵਾਬ ਕਰਦਿਆਂ ਮੌਕ ਇੰਟਰਵਿਊਜ਼ ਵੀ ਕੀਤੀਆਂ।ਇਸ ਸੰਬੰਧੀ ਡੀਨ ਪ੍ਰੋ.ਪ੍ਰਭਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਅਜਿਹੀਆਂ ਟ੍ਰੇਨਿੰਗਜ਼ ਵਿਦਿਆਰਥੀਆਂ ਵਿੱਚੋਂ ਨਾਕਾਰਤਮਾ ਖਤਮ ਕਰਕੇ ਸਾਕਾਰਤਮਕਾ ਪੈਦਾ ਕਰਦੀਆਂ ਹਨ ਅਤੇ ਉਨ੍ਹਾਂ ਦਾ ਸਵੈ-ਮਾਣ ਵਧਾਉਂਦੀਆਂ ਹਨ ਜਿਸ ਦੀ ਮਦਦ ਨਾਲ਼ ਉਹ ਨਾ ਕੇਵਲ ਨਿੱਜੀ ਸਗੋਂ ਪੇਸ਼ੇਵਾਰ ਜੀਵਨ ਵਿੱਚ ਵੀ ਇੱਕ ਵਧੀਆ ਸਖਸ਼ੀਅਤ ਦੇ ਮਾਲਕ ਬਣ ਕੇ ਸਫ਼ਲਤਾ ਪ੍ਰਾਪਤ ਕਰਨ ਦੇ ਕਾਬਿਲ ਬਣਦੇ ਹਨ।ਇਸ ਮੌਕੇ ਉਨ੍ਹਾਂ ਡਾ.ਪਰਮਪ੍ਰੀਤ ਸਿੰਘ, ਡਾ.ਸ਼ਵੇਤਾ ਕੌਸ਼ਲ, ਡਾ.ਤੇਜਿੰਦਰ ਕੌਰ ਅਤੇ ਪ੍ਰੋ.ਤਰਨਦੀਪ ਕੌਰ ਦੀ ਇਸ ਦੋ ਰੋਜ਼ਾ ਵਰਕਸ਼ਾਪ ਵਿੱਚ ਸਹਿਯੋਗ ਦੇਣ ਅਤੇ ਸਫ਼ਲਤਾਪੂਰਵਕ ਨੇਪਰੇ ਚਾੜਨ ਲਈ ਪ੍ਰਸੰਸਾ ਕੀਤੀ।